# ਪੰਜਾਬ ਵਿਧਾਨ ਸਭਾ

-----------

## 16ਵੀਂ ਪੰਜਾਬ ਵਿਧਾਨ ਸਭਾ

## ਅੱਠਵਾਂ (ਬਜਟ) ਸਮਾਗਮ

-----------

## ਕਾਰਜ ਸੂਚੀ

28 ਮਾਰਚ 2025

10:00 ਵਜੇ ਸਵੇਰੇ

-----------

1. <u>ਪ੍ਰਸ਼ਨ</u>

(1) ਵੱਖ ਸੂਚੀ ਵਿੱਚ ਦਰਜ ਪ੍ਰਸ਼ਨ ਪੁੱਛੇ ਜਾਣਗੇ ਅਤੇ ਜਵਾਬ ਦਿੱਤੇ ਜਾਣਗੇ।

2. <u>ਨਿਯਮ 16 ਅਧੀਨ ਪ੍ਰਸਤਾਵ</u>

(1) **ਇੱਕ ਮੰਤਰੀ** ਪ੍ਰਸਤਾਵ ਕਰਨਗੇ ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ ।

3. <u>ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ</u>

(1) ਇੱਕ ਮੰਤਰੀ ਸਾਲ 2021-22 ਅਤੇ 2022-23 ਲਈ ਪੰਜਾਬ ਸਟੇਟ ਕਮਿਸ਼ਨ ਫਾਰ ਐਨ.ਆਰ.ਆਈਜ਼ ਦੀਆਂ ਸਾਲਾਨਾ ਪ੍ਰਬੰਧਕੀ ਰਿਪੋਰਟਾਂ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਸਟੇਟ ਕਮਿਸ਼ਨ ਫਾਰ ਐਨ.ਆਰ.ਆਈਜ਼ ਐਕਟ, 2011 ਦੀ ਧਾਰਾ 20 ਅਧੀਨ ਲੋੜੀਂਦਾ ਹੈ।

4. <u>ਰਿਪੋਰਟਾਂ ਪੇਸ਼ ਕਰਨਾ</u>

(1) **ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ** ਪੰਜਾਬ ਰਾਜ ਦੇ ਸਾਰੇ ਵਿਭਾਗਾਂ ਵਿੱਚ ਰੋਸਟਰ ਪ੍ਰਣਾਲੀ ਲਾਗੂ ਕਰਨ ਸਬੰਧੀ ਸਾਲ 2024-25 ਲਈ ਕਮੇਟੀ ਦੀ 49ਵੀਂ ਰਿਪੋਰਟ ਪੇਸ਼ ਕਰਨਗੇ।

(2) **ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ** ਸਾਲ 2024-25 ਲਈ ਕਮੇਟੀ ਦੀ 53ਵੀਂ ਰਿਪੋਰਟ ਪੇਸ਼ ਕਰਨਗੇ।

(3) **ਸਭਾਪਤੀ, ਅਧੀਨ ਵਿਧਾਨ ਕਮੇਟੀ** ਸਾਲ 2024-25 ਲਈ ਕਮੇਟੀ ਦੀ 46ਵੀਂ ਰਿਪੋਰਟ ਪੇਸ਼ ਕਰਨਗੇ।

(4) **ਸਭਾਪਤੀ, ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ** ਸਾਲ 2024-25 ਲਈ ਕਮੇਟੀ ਦੀ 17 ਵੀਂ ਰਿਪੋਰਟ ਪੇਸ਼ ਕਰਨਗੇ।

(5)
**ਸਭਾਪਤੀ, ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ** ਸਾਲ 2024-25 ਲਈ ਕਮੇਟੀ ਦੀ ਤੀਜੀ ਰਿਪੋਰਟ ਪੇਸ਼ ਕਰਨਗੇ।

(6)
**ਸਭਾਪਤੀ, ਪਟੀਸ਼ਨ ਕਮੇਟੀ** ਸਾਲ 2024-25 ਲਈ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਨਗੇ।

## 5. ਸਰਕਾਰੀ ਮਤਾ

(1)
**ਮੁੱਖ ਮੰਤਰੀ ਪ੍ਰਸਤਾਵ ਕਰਨਗੇ ਕਿ-**

"ਜਦੋਂ ਕਿ ਭਾਰਤ ਦੀ ਸੰਸਦ ਨੇ ਜਲ ਪ੍ਰਦੂਸ਼ਣ ਦੀ ਰੋਕਥਾਮ ਅਤੇ ਨਿਯੰਤਰਣ ਅਤੇ ਪਾਣੀ ਦੀ ਸ਼ੁੱਧਤਾ ਨੂੰ ਬਹਾਲ ਰੱਖਣ ਲਈ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਐਕਟ, 1974 (1974 ਦਾ ਕੇਂਦਰੀ ਐਕਟ ਨੰ.6) ਲਾਗੂ ਕੀਤਾ ਸੀ।

ਅਤੇ ਕਿਉਂਕਿ ਪੰਜਾਬ ਰਾਜ ਦੀ ਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 252 ਦੀ ਪਾਲਣਾ ਵਿੱਚ, 3 ਫਰਵਰੀ, 1975 ਦੇ ਮਤੇ ਰਾਹੀਂ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਐਕਟ, 1974 ਨੂੰ ਅਪਣਾਉਣ ਦਾ ਸੰਕਲਪ ਲਿਆ ਸੀ।

ਅਤੇ ਕਿਉਂਕਿ ਪੰਜਾਬ ਰਾਜ ਦੀ ਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 252 ਦੀ ਪਾਲਣਾ ਵਿੱਚ, 15 ਅਕਤੂਬਰ, 1979 ਦੇ ਮਤੇ ਰਾਹੀਂ ਜਲ (ਪ੍ਰਦੂਸ਼ਣ ਅਤੇ ਰੋਕਥਾਮ ਨਿਯੰਤਰਣ) ਸੋਧ ਐਕਟ, 1978 (1978 ਦਾ ਕੇਂਦਰੀ ਐਕਟ ਨੰ. 44) ਨੂੰ ਅਪਣਾਉਣ ਦਾ ਫੈਸਲਾ ਕੀਤਾ ਸੀ।

ਅਤੇ ਕਿਉਂਕਿ ਪੰਜਾਬ ਰਾਜ ਦੀ ਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 252 ਦੀ ਪਾਲਣਾ ਵਿੱਚ, 9 ਅਪ੍ਰੈਲ, 1992 ਦੇ ਮਤੇ ਰਾਹੀਂ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਸੋਧ ਐਕਟ, 1988 (1988 ਦਾ ਕੇਂਦਰੀ ਐਕਟ ਨੰ.53) ਨੂੰ ਅਪਣਾਉਣ ਦਾ ਫੈਸਲਾ ਕੀਤਾ ਸੀ।

ਅਤੇ ਜਿੱਥੇ ਭਾਰਤ ਦੀ ਸੰਸਦ ਨੇ 15.2.2024 ਨੂੰ ਨੋਟੀਫਾਈ ਕੀਤਾ ਗਿਆ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਸੋਧ ਐਕਟ, 2024 (2024 ਦਾ ਕੇਂਦਰੀ ਐਕਟ ਨੰ.5) ਲਾਗੂ ਕੀਤਾ ਸੀ।

ਅਤੇ ਜਿੱਥੇ ਸੋਧ ਐਕਟ, 2024, ਪਹਿਲੀ ਵਾਰ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਤੇ ਲਾਗੂ ਹੋਵੇਗਾ; ਅਤੇ ਇਹ ਅਜਿਹੇ ਹੋਰ ਰਾਜਾਂ 'ਤੇ ਲਾਗੂ ਹੋਵੇਗਾ ਜੋ ਇਸ ਐਕਟ ਨੂੰ ਅਪਣਾਉਣਗੇ, ਸੰਵਿਧਾਨ ਦੇ ਅਨੁਛੇਦ 252 ਦੇ ਉਪਖੰਡ (1) ਦੇ ਅਧੀਨ ਆਪਣੀਆਂ ਵਿਧਾਨ ਸਭਾਵਾਂ ਅਤੇ ਵਿਧਾਨ ਪ੍ਰੀਸ਼ਦਾਂ (ਜੇਕਰ ਕੋਈ ਹੈ) ਵਿੱਚ ਇੱਕ ਮਤਾ ਪਾਸ ਕਰਕੇ, ਜਿਸ ਨੂੰ ਧਾਰਾ (2) ਦੇ ਨਾਲ਼ ਪੜ੍ਹਿਆ ਜਾਂਦਾ ਹੈ, ਅਜਿਹਾ ਅਪਣਾਉਣ ਦੀ ਮਿਤੀ ਤੋਂ ਪ੍ਰਭਾਵੀ ਹੋਵੇਗਾ।

ਅਤੇ ਜਿੱਥੇ, ਇਸ ਸੋਧ ਐਕਟ, 2024 ਦਾ ਉਦੇਸ਼ ਦੇਸ਼ ਵਿੱਚ ਕਾਰੋਬਾਰ ਕਰਨ ਵਿੱਚ ਆਸਾਨੀ ਨੂੰ ਸੁਚਾਰੂ ਬਣਾਉਣ ਅਤੇ ਰਾਜ ਪ੍ਰਦੂਸ਼ਣ ਕੰਟਰੋਲ ਬੋਰਡਾਂ ਦੇ ਚੇਅਰਮੈਨ ਦੀ ਨਾਮਜ਼ਦਗੀ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਮੂਲ ਐਕਟ "ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਐਕਟ, 1974" (1974 ਦਾ ਕੇਂਦਰੀ ਐਕਟ ਨੰ.6) ਦੇ ਉਪਬੰਧਾਂ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕਰਨਾ ਹੈ;

ਅਤੇ ਕਿਉਂਕਿ ਇਸ ਵਿਧਾਨ ਸਭਾ ਨੂੰ ਇਹ ਲੋੜੀਂਦਾ ਜਾਪਦਾ ਹੈ ਕਿ ਉਪਰੋਕਤ ਸੋਧ ਐਕਟ, 2024 ਨੂੰ ਇਸ ਵਿਧਾਨ ਸਭਾ ਵਿੱਚ ਇੱਕ ਮਤਾ ਪਾਸ ਕਰਕੇ ਪੰਜਾਬ ਰਾਜ ਵਿੱਚ ਅਪਣਾਇਆ ਜਾਵੇ।

ਹੁਣ, ਇਸ ਲਈ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 252 ਦੇ ਉਪਭਾਗ (1) ਦੇ ਨਾਲ ਪੜ੍ਹੇ ਗਏ ਉਪਭਾਗ (2) ਦੁਆਰਾ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਇਹ ਅਸੈਂਬਲੀ ਇਸ ਦੁਆਰਾ ਮਤਾ ਪਾਉਂਦੀ ਹੈ ਕਿ ਜਲ (ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ) ਸੋਧ ਐਕਟ, 2024 ਦੇ ਸੰਬੰਧ ਵਿੱਚ ਸੋਧਾਂ ਨੂੰ ਪੰਜਾਬ ਰਾਜ ਲਈ ਅਪਣਾਇਆ ਜਾਵੇ ਜਿਵੇਂ ਕਿ ਸੰਸਦ ਦੁਆਰਾ ਲਾਗੂ ਕੀਤਾ ਗਿਆ ਹੈ।"

6. <u>ਸਾਲ 2025-26 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ</u>

(1) **ਇੱਕ ਮੰਤਰੀ** ਪ੍ਰਸਤਾਵ ਕਰਨਗੇ ਕਿ - ਕਿਉਂਜੋ ਸਾਲ 2025-26 ਲਈ: -

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;
3. ਸਰਕਾਰੀ ਕਾਰੋਬਾਰ ਕਮੇਟੀ; ਅਤੇ
4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2025 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;
ਇਸ ਲਈ ਹੁਣ ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;
ਇਹ ਸਦਨ ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2025-26 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

7. <u>ਵਿਧਾਨਕ ਕੰਮ ਕਾਰ</u>

(1)
**ਇੱਕ ਮੰਤਰੀ** "ਦ ਇੰਡੀਅਨ ਸਟੈਂਪ (ਪੰਜਾਬ ਸੋਧਨਾ) ਬਿਲ, 2025" ਪੇਸ਼ ਕਰਨਗੇ ।

ਪ੍ਰਸਤਾਵ ਕਰਨਗੇ ਕਿ "ਦ ਇੰਡੀਅਨ ਸਟੈਂਪ (ਪੰਜਾਬ ਸੋਧਨਾ) ਬਿਲ, 2025" ਤੇ ਤੁਰਤ ਵਿਚਾਰ ਕੀਤਾ ਜਾਵੇ ।

ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ ।

(2)
**ਇੱਕ ਮੰਤਰੀ** "ਦ ਟਰਾਂਸਫਰ ਆਫ ਪ੍ਰੀਜ਼ਨਰਜ਼ (ਪੰਜਾਬ ਸੋਧਨਾ) ਬਿਲ, 2025" ਪੇਸ਼ ਕਰਨਗੇ ।

ਪ੍ਰਸਤਾਵ ਕਰਨਗੇ ਕਿ "ਦ ਟਰਾਂਸਫਰ ਆਫ ਪ੍ਰੀਜ਼ਨਰਜ਼ (ਪੰਜਾਬ ਸੋਧਨਾ) ਬਿਲ, 2025" ਤੇ ਤੁਰਤ ਵਿਚਾਰ ਕੀਤਾ ਜਾਵੇ ।

ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ ।

(3)
**ਇੱਕ ਮੰਤਰੀ** ''ਦ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਜ਼ ਐਂਡ ਸਟਾਕਿਸਟਮ ਐਂਡ ਰਿਟੇਲਰਜ਼ ਬਿੱਲ, 2025'' ਪੇਸ਼ ਕਰਨਗੇ ।

ਪ੍ਰਸਤਾਵ ਕਰਨਗੇ ਕਿ ''ਦ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਜ਼ ਐਂਡ ਸਟਾਕਿਸਟਮ ਐਂਡ ਰਿਟੇਲਰਜ਼ ਬਿੱਲ, 2025'' ਤੇ ਤੁਰਤ ਵਿਚਾਰ ਕੀਤਾ ਜਾਵੇ ।

ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਪੰਜਾਬ ਵਿਧਾਨ ਸਭਾ**
**ਚੰਡੀਗੜ੍ਹ -160001**
**ਮਿਤੀ:੨੭ ਮਾਰਚ ੨੦੨੫ ਵੀਰਵਾਰ**

**ਰਾਮ ਲੋਕ ਖਟਾਣਾ**
**ਸਕੱਤਰ**
**ਪੰਜਾਬ ਵਿਧਾਨ ਸਭਾ**